BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਵਿੱਚ ਤੇਜ਼ ਰਫਤਾਰ ਲਈ ਜ਼ੀਰੋ ਸਹਿਣਸ਼ੀਲਤਾ

## *ਬ੍ਰੈਂਪਟਨ ਸਿਟੀ ਕਾਉਂਸਿਲ ਨੇ ਸੜਕ ਸਬੰਧੀ ਸੁਰੱਖਿਆ ਨੂੰ ਵਧਾਉਣ ਲਈ ਪ੍ਰਸਤਾਵ ਮਨਜ਼ੂਰ ਕੀਤਾ*

ਬ੍ਰੈਂਪਟਨ, ਓਨਟੈਰੀਓ (13 ਜੁਲਾਈ, 2020) – 8 ਜੁਲਾਈ ਨੂੰ, ਸਿਟੀ ਕਾਉਂਸਿਲ ਨੇ ਸਰਬਸੰਮਤੀ ਨਾਲ, ਆਟੋਮੇਟਿਡ ਸਪੀਡ ਐਨਫੋਰਸਮੈਂਟ (ਏ.ਐਸ.ਈ.) (Automated Speed Enforcement) (ASE) ਲਾਗੂ ਕਰਨ ਦੀ ਮਨਜ਼ੂਰੀ ਦਿੱਤੀ। ਇਹ ਸਿਸਟਮ ਸਾਲਾਨਾ ਤੌਰ ਤੇ 200 ਥਾਵਾਂ ਵਿਖੇ, ਤੇਜ਼ ਰਫਤਾਰ ਨਾਲ ਹੋਣ ਵਾਲੀਆਂ ਅਤੇ ਟ੍ਰੈਫਿਕ-ਸਬੰਧੀ ਘਟਨਾਵਾਂ ਨੂੰ ਘਟਾਉਣ ਅਤੇ ਬ੍ਰੈਂਪਟਨ ਵਿੱਚ ਵਾਹਨ ਚਲਾਉਣ ਵਾਲੇ ਸਾਰੇ ਲੋਕਾਂ (ਯੂਜ਼ਰਸ) ਲਈ ਸੜਕ ਸਬੰਧੀ ਸੁਰੱਖਿਆ ਨੂੰ ਵਧਾਉਣ ਵਿੱਚ ਮਦਦ ਕਰੇਗਾ।

ਇਸ ਵੇਲੇ, ਪੰਜ ਥਾਵਾਂ ਤੇ ਏ.ਐਸ.ਈ. (ASE) ਸੂਚਨਾ ਦੇ ਸਾਈਨ ਬੋਰਡ ਲੱਗੇ ਹੋਏ ਹਨ। ਸਿਤੰਬਰ 2020 ਤੱਕ, ਇਹਨਾਂ ਥਾਵਾਂ ਤੇ ਕੈਮਰੇ ਲਗਾ ਦਿੱਤੇ ਜਾਣਗੇ:

- ਵਾਰਡ 1: ਵੋਡਨ ਸਟ੍ਰੀਟ ਈਸਟ (Vodden Street East) (ਕੈਨੇਡੀ ਰੋਡ (Kennedy Road) ਅਤੇ ਸੈਂਟਰ ਸਟ੍ਰੀਟ (Centre Street) ਦੇ ਵਿਚਕਾਰ)
- ਵਾਰਡ 2: ਰਿਚਵੇਲ ਡ੍ਰਾਈਵ ਨੋਰਥ (Richvale Drive North) (ਕੈਨੇਡੀ ਰੋਡ ਅਤੇ ਸੈਂਡਲਵੁੱਡ ਪਾਰਕਵੇ (Sandalwood Parkway) ਦੇ ਵਿਚਕਾਰ)
- ਵਾਰਡ 3: ਰੇ ਲਾੱਸਨ ਬੁਲੇਵਾਰਡ (Ray Lawson Boulevard) (ਹੁਰੋਨਟੈਰੀਓ ਸਟ੍ਰੀਟ (Hurontario Street) ਅਤੇ ਮੈਕਲੌਗਲਿਨ ਰੋਡ (McLaughlin Road) ਦੇ ਵਿਚਕਾਰ)
- ਵਾਰਡ 8: ਅਵੋਨਡੇਲ ਬੁਲੇਵਾਰਡ (Avondale Boulevard) (ਬ੍ਰੈਮਲੀ ਰੋਡ (Bramalea Road) ਅਤੇ ਬਿਰਚਬੈਂਕ ਰੋਡ (Birchbank Road) ਦੇ ਵਿਚਕਾਰ)
- ਵਾਰਡ 9: ਫਰਨਫੋਰੈਸਟ ਡ੍ਰਾਈਵ (Fernforest Drive) (ਬੋਵੇਅਰਡ ਡ੍ਰਾਈਵ (Bovaird Drive) ਅਤੇ ਸੈਂਡਲਵੁੱਡ ਪਾਰਕਵੇ ਦੇ ਵਿਚਕਾਰ)

ਸਿਟੀ, ਸਤੰਬਰ 2020 ਤੱਕ 25 ਵਾਧੂ ਕਮਿਊਨਿਟੀ ਸੇਫਟੀ ਜ਼ੋਨਸ (Community Safety Zones) ਸਥਾਪਤ ਕਰਨ ਲਈ ਕੰਮ ਕਰ ਰਹੀ ਹੈ। ਸਟਾਫ, ਪੂਰੇ ਸ਼ਹਿਰ ਵਿੱਚ ਏ.ਐਸ.ਈ. ਨੂੰ ਸਹਿਯੋਗ ਕਰਨ ਲਈ ਵਾਧੂ ਕੈਮਰੇ ਖਰੀਦਣਾ ਵੀ ਸ਼ੁਰੂ ਕਰੇਗਾ। ਇਹ ਖਰੀਦ, ਇਸ ਸਾਲ ਦੇ ਅੰਤ ਤੱਕ ਪੂਰੀ ਹੋਣ ਦੀ ਉਮੀਦ ਹੈ।

ਜਾਗਰੂਕਤਾ ਪੈਦਾ ਕਰਨ ਦੇ ਯਤਨ ਵਿੱਚ, ਸ਼ਹਿਰ ਵਿੱਚ ਦਾਖਲ ਹੋਣ ਦੀਆਂ ਥਾਵਾਂ ਤੇ ਸਾਈਨ ਬੋਰਡ ਲਗਾਏ ਜਾਣਗੇ, ਤਾਂ ਜੋ ਵਾਹਨ ਚਾਲਕਾਂ ਨੂੰ ਇਹ ਸਲਾਹ ਦਿੱਤੀ ਜਾ ਸਕੇ ਕਿ ਏ.ਐਸ.ਈ. ਲਾਗੂ ਹੈ ਅਤੇ ਕਮਿਉਨਿਟੀ ਵਿੱਚ ਤੇਜ਼ ਰਫਤਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਰਿਹਾ ਹੈ।

**ਪਿਛੋਕੜ**

- ਏ.ਐਸ.ਈ., ਜੋ ਹਿੱਸਾ ਲੈਣ ਵਾਲੀਆਂ ਚੋਣਵੀਆਂ ਮਿਉਨਿਸਿਪਲਟੀਜ ਦੇ ਨਾਲ, ਸੂਬਾਈ ਤੌਰ ਤੇ ਕਨੂੰਨੀ ਹੈ, ਲੋਕਲ ਭਾਈਚਾਰਿਆਂ ਵਾਸਤੇ ਸੁਰੱਖਿਆ ਅਤੇ ਅਰਾਮ ਨੂੰ ਵਧਾਉਣ ਤੇ ਧਿਆਨ ਕੇਂਦਰਿਤ ਕਰਦਾ ਹੈ – ਖਾਸ ਕਰਕੇ ਬੱਚਿਆਂ ਵਰਗੇ, ਸੜਕ ਦੇ ਵੱਧ ਨਾਜ਼ੁਕ ਵਰਤੋਂਕਾਰਾਂ ਲਈ।
- ਏ.ਐਸ.ਈ. ਇੱਕ ਆਟੋਮੇਟਿਡ ਸਿਸਟਮ ਹੈ, ਜੋ ਸਪੀਡ ਸੀਮਾਵਾਂ ਲਾਗੂ ਕਰਨ ਲਈ ਕੈਮਰੇ ਅਤੇ ਸਪੀਡ ਮਾਪ ਉਪਕਰਨ ਦੀ ਵਰਤੋਂ ਕਰਦਾ ਹੈ।

- ਏ.ਐਸ.ਈ., ਸਕੂਲ ਜ਼ੋਨਸ ਅਤੇ ਕਮਿਉਨਿਟੀ ਸੇਫਟੀ ਜ਼ੋਨਸ ਵਿੱਚ, ਸਾਈਨ ਬੋਰਡਾਂ ਤੇ ਲਿਖੀ ਸਪੀਡ ਸੀਮਾ ਤੋਂ ਤੇਜ਼ ਰਫਤਾਰ ਨਾਲ ਚੱਲਣ ਵਾਲੇ ਵਾਹਨਾਂ ਦੇ ਚਿੱਤਰ ਖਿੱਚਦਾ ਹੈ ਅਤੇ ਉਹਨਾਂ ਨੂੰ ਰਿਕਾਰਡ ਕਰਦਾ ਹੈ। ਰਜਿਸਟਰਡ ਪਲੇਟ ਹੋਲਡਰ ਨੂੰ ਟਿਕਟਾਂ ਜਾਰੀ ਕੀਤੀਆਂ ਜਾਂਦੀਆਂ ਹਨ, ਭਾਵੇਂ ਵਾਹਨ ਕੋਈ ਵੀ ਚਲਾ ਰਿਹਾ ਹੋਵੇ।
- ਕਨੂੰਨ, ਸਕੂਲ ਜ਼ੋਨਸ ਅਤੇ ਕਮਿਉਨਿਟੀ ਸੇਫਟੀ ਜ਼ੋਨਸ ਵਿੱਚ ਅਤੇ 80 ਕਿ.ਮੀ. ਪ੍ਰਤੀ ਘੰਟਾ ਤੋਂ ਘੱਟ ਸਪੀਡ ਸੀਮਾ ਵਾਲੇ ਰੋਡਵੇਜ ਤੇ ਏ.ਐਸ.ਈ. ਲਗਾਉਣ ਦੀ ਇਜਾਜ਼ਤ ਦਿੰਦਾ ਹੈ।
- ਸਿਟੀ ਆਫ ਬ੍ਰੈਂਪਟਨ, 19 ਦਸੰਬਰ, 2019 ਵਿੱਚ ਆਪਣਾ ਪਹਿਲਾ ਸੂਚਨਾ ਸਾਈਨ ਬੋਰਡ ਪੇਸ਼ ਕਰਦੇ ਹੋਏ, ਏ.ਐਸ.ਈ. ਲਾਗੂ ਕਰਨ ਵਾਲੀਆਂ ਪਹਿਲੀਆਂ ਮਿਊਨਿਸਿਪਲਟੀਜ ਵਿੱਚੋਂ ਇੱਕ ਸੀ।

ਏ.ਐਸ.ਈ. ਬਾਰੇ ਵਾਧੂ ਜਾਣਕਾਰੀ ਲਈ, ਇੱਥੇ (here) ਕਲਿੱਕ ਕਰੋ।

**ਹਵਾਲੇ**

"ਬ੍ਰੈਂਪਟਨ ਵਿੱਚ ਤੇਜ਼ ਰਫਤਾਰ ਲਈ ਪੂਰੀ ਤਰ੍ਹਾਂ ਜ਼ੀਰੋ ਸਹਿਣਸ਼ੀਲਤਾ ਹੈ। ਸਾਡੀ ਕਾਉਂਸਿਲ ਇਸ ਸੁਨੇਹੇ ਨੂੰ ਸਪਸ਼ਟ ਕਰਨ ਦੇ ਉਪਾਅ ਕਰਨਾ ਜਾਰੀ ਰੱਖੇਗੀ। ਸਾਡੇ ਸ਼ਹਿਰ ਵਿੱਚ 200 ਥਾਵਾਂ ਤੇ ਆਟੋਮੇਟਿਡ ਸਪੀਡ ਐਨਫੋਰਸਮੈਂਟ ਨੂੰ ਵਧਾਉਣ ਜਿਹੇ ਉਪਾਵਾਂ ਰਾਹੀਂ, ਅਸੀਂ ਵਾਹਨ ਸਬੰਧੀ ਘਟਨਾਵਾਂ ਨੂੰ ਘੱਟ ਕਰਨ ਅਤੇ ਸਾਡੇ ਸੜਕ ਸਬੰਧੀ ਵਰਤੋਂਕਾਰਾਂ, ਖਾਸ ਕਰਕੇ ਸਭ ਤੋਂ ਵੱਧ ਨਾਜ਼ੁਕ ਵਰਤੋਂਕਾਰਾਂ ਦੀ ਸੁਰੱਖਿਆ ਨੂੰ ਵਧਾਉਣ ਲਈ ਕੰਮ ਕਰ ਰਹੇ ਹਾਂ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਵਿੱਚ ਵਾਧੂ ਏ.ਐਸ.ਈ. ਨੂੰ ਮਨਜ਼ੂਰੀ ਦੇ ਕੇ, ਅਸੀਂ ਸਾਰੇ ਵਾਹਨ ਚਾਲਕਾਂ ਨੂੰ ਸੰਕੇਤ ਦੇ ਰਹੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਤੇਜ਼ ਰਫਤਾਰ ਬਰਦਾਸ਼ਤ ਨਹੀਂ ਕੀਤੀ ਜਾਂਦੀ ਅਤੇ ਉਹਨਾਂ ਨੂੰ ਸੜਕ ਸਾਂਝੀ ਕਰਨ ਬਾਰੇ ਯਾਦ ਕਰਵਾ ਰਹੇ ਹਾਂ। ਇਸ ਸਾਲ ਵੋਡਨ ਸਟ੍ਰੀਟ ਵਿਖੇ ਏ.ਐਸ.ਈ. ਲਗਾਉਣ ਤੋਂ ਬਾਅਦ, ਕਾਉਂਸਿਲ ਨੇ ਸੁਰੱਖਿਅਤ, ਗਤੀਸ਼ੀਲ ਆਵਾਜਾਈ ਨੂੰ ਵਧਾਉਣ ਅਤੇ ਇਸਨੂੰ ਸਹਿਯੋਗ ਕਰਨ ਵਾਸਤੇ, ਕੋਲ ਹੀ ਅਸਥਾਈ ਬਾਈਕ ਲੇਨਾਂ ਦੀ ਵੀ ਸ਼ੁਰੂਆਤ ਕੀਤੀ ਸੀ। ਸਾਡੀ ਤਰਜੀਹ ਸਟ੍ਰੀਟ ਫਾਰ ਪੀਪਲ (ਲੋਕਾਂ ਲਈ ਸੜਕਾਂ) ਬਣਾਉਣ ਦੀ ਹੈ, ਤਾਂ ਜੋ ਅਸੀਂ ਸਾਰੇ ਬ੍ਰੈਂਪਟਨ ਨੂੰ ਸੁਰੱਖਿਅਤ ਰੂਪ ਨਾਲ ਗਤੀਸ਼ੀਲ ਰੱਖ ਸਕੀਏ!"

*- ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਆਟੋਮੇਟਿਡ ਸਪੀਡ ਐਨਫੋਰਸਮੈਂਟ ਇਸ ਗੱਲ ਦਾ ਰਿਮਾਈਂਡਰ ਹੈ ਕਿ ਸਾਨੂੰ ਸਾਰਿਆਂ ਨੂੰ ਵਾਹਨ ਹੌਲੀ ਚਲਾਉਣੇ ਚਾਹੀਦੇ ਹਨ ਅਤੇ ਇਹ ਕਿ ਅਸੀਂ ਸਾਰੇ, ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਸਕਿਰਿਆ ਭੂਮਿਕਾ ਨਿਭਾਉਂਦੇ ਹਾਂ। ਏ.ਐਸ.ਈ. ਪੇਸ਼ ਕਰਨ ਵਾਲੇ ਪਹਿਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਅਸੀਂ ਸਾਡੇ ਨਿਵਾਸੀਆਂ ਨੂੰ ਦਿਖਾ ਰਹੇ ਹਾਂ ਕਿ ਉਹਨਾਂ ਦੀ ਸਿਹਤ ਅਤੇ ਸੁਰੱਖਿਆ, ਸਭ ਤੋਂ ਪਹਿਲੀ ਤਰਜੀਹ ਹੈ।"

*- ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਸਾਡੀ ਰੋਡਸ ਮੈਂਟੇਨੈਂਸ ਐਂਡ ਟ੍ਰੈਫਿਕ ਸਰਵਿਸਿਜ ਟੀਮ ਇਹ ਯਕੀਨੀ ਬਣਾਉਣ ਵਿੱਚ ਲਾਜ਼ਮੀ ਅਤੇ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ ਕਿ ਸੜਕਾਂ, ਪਗਡੰਡੀਆਂ ਅਤੇ ਟ੍ਰੈਫਿਕ ਸਿਸਟਮ ਸੁਰੱਖਿਅਤ ਅਤੇ ਪ੍ਰਭਾਵੀ ਢੰਗ ਨਾਲ ਕੰਮ ਕਰ ਰਹੇ ਹਨ। ਕੋਵਿਡ-19 ਮਹਾਂਮਾਰੀ ਤੋਂ ਪਹਿਲਾਂ ਅਤੇ ਇਸਦੇ ਦੌਰਾਨ, ਸਾਡੇ ਕਰਮਚਾਰੀ, ਸਾਡੇ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਵਧਾਉਣ ਅਤੇ ਇਸਨੂੰ ਸਹਿਯੋਗ ਕਰਨ ਲਈ, ਆਟੋਮੇਟਿਡ ਸਪੀਡ ਐਨਫੋਰਸਮੈਂਟ ਦੇ ਲਾਗੂਕਰਣ ਲਈ ਪਰਦੇ ਦੇ ਪਿੱਛੇ ਕੰਮ ਕਰ ਰਹੇ ਹਨ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca